# ਦਫਤਰ ਜਿਲਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

deose.bathinda@punjabeducation.gov.in

ਵੱਲ

**ਸਮੂਹ ਸਕੂਲ ਮੁਖੀ**
**ਸਰਕਾਰੀ /ਅਰਧ ਸਰਕਾਰੀ/ਪ੍ਰਾਈਵੇਟ**
**ਜਿਲ੍ਹਾ ਬਠਿੰਡਾ**
ਪੱਤਰ ਨੰ: ਜੀ-1/1 ( )2026 / 4041
ਮਿਤੀ ਬਠਿੰਡਾ : 02-07-2026

ਵਿਸ਼ਾ **ਸਾਲ-2026 ਦੌਰਾਨ ਕਣਕ ਦਾ ਨਾੜ ਜਾਂ ਝੋਨੇ ਦੀ ਪਰਾਲੀ ਸਾੜਨ ਦੀ ਸਮੱਸਿਆ ਨੂੰ ਰੋਕਣ ਹਿੱਤ ਕਦਮਾਂ ਬਾਰੇ।**

ਹਵਾਲਾ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ ਦੇ ਮੀਮੋ ਨੰ-E-366634/218 ਮਿਤੀ 01.07.26 ਦੇ ਸਬੰਧ ਵਿਚ।

ਉਪਰੋਕਤ ਵਿਸ਼ਾ ਅਤੇ ਹਵਾਲਾ ਅੰਕਿਤ ਦੇ ਸਬੰਧ ਵਿਚ ਲਿਖਿਆ ਜਾਂਦਾ ਹੈ ਕਿ ਸਮੂਹ ਸਕੂਲ ਮੁਖੀ ਵਿਦਿਆਰਥੀਆਂ ਨੂੰ ਵਾਤਾਵਰਣ, ਮਨੁੱਖੀ ਸਿਹਤ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਤੇ, ਪਰਾਲੀ ਸਾੜਨ ਦੇ ਮਾੜੇ ਪ੍ਰਭਾਵਾਂ ਅਤੇ ਪ੍ਰਬੰਧਨ ਵਿਕਲਪਾਂ ਦੀ ਉਪਲਬਧਤਾ ਬਾਰੇ ਸਿੱਖਿਅਤ ਕੀਤਾ ਜਾਵੇ। ਸਕੂਲ ਮੁਖੀ ਝੋਨੇ ਦੀ ਪਰਾਲੀ ਜਾਂ ਕਣਕ ਦਾ ਨਾੜ ਸਾੜਨ ਦੀ ਸਮੱਸਿਆ ਨੂੰ ਰੋਕਣ ਲਈ ਹੇਠ ਲਿਖੀਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ ।

**ਸਕੂਲ ਪੱਧਰ ਤੇ ਹੇਠ ਲਿਖੀਆਂ ਵੱਖ-ਵੱਖ ਐਕਟੀਵਿਟੀਜ਼ ਕਰਵਾਈਆਂ ਜਾਣ -**

1 ) ਸਕੂਲ ਪਧੱਰ ਤੇ ਡਰਾਮਾ / ਰੋਲ ਪਲੇਅ / ਡਰਾਇੰਗ-ਪੇਂਟਿੰਗ ਕੰਪੀਟੀਸ਼ਨ / ਚਾਰਟਮੇਕਿੰਗ / ਭਾਸ਼ਣ ਮੁਕਾਬਲੇ/ਲੇਖ ਮੁਕਾਬਲੇ ਕਰਵਾਏ ਜਾਣ ।

2 ) ਪ੍ਰਿੰਸੀਪਲ/ਅਧਿਆਪਕਾਂ ਦੁਆਰਾ ਸਵੇਰ ਦੀ ਸਭਾ ਵਿੱਚ ਉਪਰੋਕਤ ਵਿਸ਼ੇ ਤੇ ਜਾਣਕਾਰੀ ਪ੍ਰਦਾਨ ਕੀਤੀ ਜਾਵੇ ।

3 ) ਜਾਗਰੂਕਤਾ ਪੰਦਰਵਾੜਾ ਮਨਾ ਕੇ /ਸਕੂਲੀ ਵਿਦਿਆਰਥੀਆਂ ਦੀ ਲਾਮਬੰਦੀ ਕਰਕੇ/ਕੰਧਾਂ 'ਤੇ ਚਿੱਤਰਕਾਰੀ ਕਰਕੇ ਜਾਗਰੂਕ ਕੀਤਾ ਜਾਵੇ ।

4) ਇਸ ਸਮੇਂ ਦੌਰਾਨ ਵਿਦਿਆਰਥੀਆਂ ਦੀ ਸਿਹਤ ਨੂੰ ਧਿਆਨ ਵਿਚ ਰੱਖਦੇ ਹੋਏ ਮਾਸਕ ਪਾਉਣ ਦੀ ਸਲਾਹ ਦਿੱਤੀ ਜਾਵੇ ।

**ਕਰਮਚਾਰੀ ਜੋ ਖੇਤੀਬਾੜੀ ਕਰਦਾ ਹੈ ਉਸ ਸਬੰਧੀ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ-**

1) ਹਰੇਕ ਕਰਮਚਾਰੀ ਜਿਹੜਾ ਖੇਤੀਬਾੜੀ ਕਰਦਾ ਹੈ ਇਹ ਯਕੀਨੀ ਬਣਾਵੇ ਕਿ ਉਸ ਦੇ ਖੇਤਾਂ ਵਿਚ ਕਣਕ ਦਾ ਨਾੜ ਜਾਂ ਝੋਨੇ ਦੀ ਪਰਾਲੀ ਅਤੇ ਫਸਲਾਂ ਦੀ ਰਹਿੰਦ-ਖੂੰਹਦ ਨਾ ਸਾੜੀ ਜਾਵੇ ।

2) ਹਰੇਕ ਕਰਮਚਾਰੀ ਫਸਲਾਂ ਦੀ ਰਹਿੰਦ-ਖੂੰਹਦ ਸਾੜੇ ਜਾਣ ਦੇ ਮਾੜੇ ਪ੍ਰਭਾਵ ਅਤੇ ਨੁਕਸਾਨ ਬਾਰੇ ਹੋਰਨਾਂ ਲੋਕਾਂ ਨੂੰ ਦੱਸਦੇ ਹੋਏ ਉਨ੍ਹਾਂ ਨੂੰ ਉਤਸਾਹਿਤ ਕਰੋ ਕਿ ਉਹ ਆਪਣੇ ਖੇਤਾਂ ਵਿਚ ਪਰਾਲੀ ਨਾੜ ਅਤੇ ਫਸਲਾਂ ਦੀ ਰਹਿੰਦ-ਖੂੰਹਦ ਨਾ ਸਾੜਨ ।

3) ਨੈਸ਼ਨਲ ਗਰੀਨ ਟ੍ਰਿਬਿਊਨਲ ਜਾਂ ਸਾਇੰਸ, ਤਕਨਾਲੋਜੀ ਤੇ ਵਾਤਾਵਰਣ ਵਿਭਾਗ ਦੇ ਹੁਕਮਾਂ ਦੀ ਉਲੰਘਣਾ ਵਿਚ ਜੇਕਰ ਕਿਤੇ ਕਣਕ ਦਾ ਨਾੜ ਜਾਂ ਝੋਨੇ ਦੀ ਪਰਾਲੀ ਅਤੇ ਫਸਲ ਦੀ ਰਹਿੰਦ –ਖੂੰਹਦ ਸਾੜੀ ਜਾ ਰਹੀ ਹੋਵੇ ਤਾਂ ਕਰਮਚਾਰੀ ਸਬੰਧਤ ਅਥਾਰਿਟੀਆਂ ਦੇ ਧਿਆਨ ਵਿਚ ਲਿਆਵੇ।

02/07/26

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।